# ਰਿਫ਼ਾਬਿਊਟਿਨ
## RIFABUTIN

ਰਿਫ਼ਾਬਿਊਟਿਨ (ਮਾਇਕੋਬਿਊਟਿਨ) ਇੱਕ ਐਂਟੀਬਾਇਓਟਿਕ (ਰੋਗਾਣੂਨਾਸ਼ਕ ਦਵਾਈ) ਹੈ ਜਿਸ ਦੀ ਵਰਤੋਂ ਤਬਦਿੱਕ (ਟੀ.ਬੀ.) ਅਤੇ ਕਦੇ-ਕਦੇ ਹੋਰਨਾਂ ਸੰਬੰਧਤ ਇਨਫ਼ੈਕਸ਼ਨਾਂ ਦੀ ਰੋਕਥਾਮ ਜਾਂ ਇਲਾਜ ਵਾਸਤੇ ਕੀਤੀ ਜਾਂਦੀ ਹੈ।

### ਮੈਨੂੰ ਇਹ ਦਵਾਈ ਕਦੋਂ ਲੈਣੀ ਚਾਹੀਦੀ ਹੈ? (When should I take this?)
- ਪੇਟ ਖ਼ਰਾਬ ਹੋਣ ਦੇ ਆਸਾਰ ਘਟਾਉਣ ਲਈ Rifabutin ਨੂੰ ਭੋਜਨ ਦੇ ਨਾਲ ਲਿਆ ਜਾ ਸਕਦਾ ਹੈ।
- ਇਸ ਦਵਾਈ ਨੂੰ ਹਰ ਰੋਜ਼ ਇੱਕੋ ਸਮੇਂ 'ਤੇ ਲਓ। ਅਜਿਹਾ ਕਰਨ ਨਾਲ ਤੁਹਾਨੂੰ ਦਵਾਈ ਲੈਣੀ ਯਾਦ ਰਹੇਗੀ।

### ਮੈਨੂੰ ਇਹ ਦਵਾਈ ਕਿਵੇਂ ਲੈਣੀ ਚਾਹੀਦੀ ਹੈ? (How should I take this?)
- ਇਹ ਬਹੁਤ ਮਹੱਤਵਪੂਰਣ ਹੈ ਕਿ ਤੁਸੀਂ ਇਸ ਦਵਾਈ ਨੂੰ ਨੇਮਬੱਧ ਢੰਗ ਨਾਲ ਲਓ।
- ਡਾਕਟਰ ਦੇ ਨਿਰਦੇਸ਼ਾਂ ਅਨੁਸਾਰ ਹੀ ਲਓ।

### ਜੇ ਮੈਂ ਦਵਾਈ ਦੀ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ? (What should I do if I miss a dose?)
- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਲੈਣੀ ਭੁੱਲ ਜਾਂਦੇ ਹੋ ਤਾਂ ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲੈ ਲਓ। ਪਰ ਜੇ ਅਗਲੇ ਦਿਨ ਦੀ ਖ਼ੁਰਾਕ ਦਾ ਸਮਾਂ ਹੋਣ ਵਾਲਾ ਹੈ ਤਾਂ ਭੁੱਲੀ ਹੋਈ ਖ਼ੁਰਾਕ ਨੂੰ ਨਾ ਲਓ।
- **ਦੁੱਗਣੀ ਖ਼ੁਰਾਕ ਨਾ ਲਓ।**

### ਇਹ ਦਵਾਈ ਲੈਂਦੇ ਹੋਏ ਕੀ ਮੈਨੂੰ ਕੋਈ ਪਰਹੇਜ਼ ਕਰਨਾ ਚਾਹੀਦਾ ਹੈ? (Is there anything I should avoid when taking this?)
- ਸ਼ਰਾਬ

ਜੇਕਰ ਤੁਸੀਂ ਕਾਊਂਟਰ ਤੋਂ ਮਿਲਣ ਵਾਲੇ ਪ੍ਰੌਡੱਕਟਾਂ (ਜਿਨ੍ਹਾਂ ਲਈ ਡਾਕਟਰੀ ਨਿਰਦੇਸ਼ ਦੀ ਲੋੜ ਨਹੀਂ ਹੁੰਦੀ) ਸਮੇਤ **ਕੋਈ ਹੋਰ ਦਵਾਈਆਂ ਲੈ ਰਹੇ ਹੋ** ਤਾਂ **RIFABUTIN** ਲੈਣ ਤੋਂ ਪਹਿਲਾਂ ਆਪਣੇ ਡਾਕਟਰ, ਨਰਸ ਜਾਂ ਫ਼ਾਰਮਾਸਿਸਟ (ਦਵਾਸਾਜ) ਨੂੰ ਦੱਸੋ। ਡਾਕਟਰ ਜਾਂ ਫ਼ਾਰਮਾਸਿਸਟ ਦੀ ਸਲਾਹ ਤੋਂ ਬਗ਼ੈਰ ਕੋਈ ਨਵੀਂ ਦਵਾਈ ਲੈਣੀ ਸ਼ੁਰੂ ਨਾ ਕਰੋ।

### ਕੁਝ ਸੰਭਾਵੀ ਮਾੜੇ ਪ੍ਰਭਾਵ ਕੀ ਹਨ? (What are some possible side effects?)
- ਜੀਅ ਕੱਚਾ ਹੋਣਾ, ਉਲਟੀਆਂ ਆਉਣੀਆਂ, ਦਸਤ ਲੱਗਣੇ, ਪੇਟ ਵਿਚ ਗੜਬੜ ਅਤੇ ਦਰਦ, ਗੈਸ, ਡਕਾਰ ਆਉਣੇ
- ਧੱਫੜ
- ਸਿਰ ਦਰਦ
- ਅਸਾਧਾਰਣ ਸਵਾਦ



Provincial Health Services Authority
Province-wide solutions.
Better health.

A research and teaching centre affiliated with UBC

# ਰਿਫ਼ਾਬਿਊਟਿਨ (ਚਲਦਾ)
## RIFABUTIN (cont'd)

**ਸਾਵਧਾਨ (Caution): ਜੇ ਤੁਹਾਨੂੰ ਹੇਠ ਲਿਖੇ ਲੱਛਣਾਂ ਦਾ ਅਨੁਭਵ ਹੁੰਦਾ ਹੈ ਤਾਂ ਤੁਰੰਤ ਆਪਣੇ ਡਾਕਟਰ ਜਾਂ ਨਰਸ ਨੂੰ ਫ਼ੋਨ ਕਰੋ:**
- ਅਸਾਧਾਰਣ ਥਕਾਵਟ ਜਾਂ ਕਮਜ਼ੋਰੀ
- ਬੁਖ਼ਾਰ ਅਤੇ ਗਲਾ ਖ਼ਰਾਬ ਹੋਣਾ
- ਮੂੰਹ ਵਿੱਚ ਜਾਂ ਜੀਭ ਉੱਪਰ ਛਾਲੇ ਹੋਣੇ
- ਨਿਗ੍ਹਾ ਕਮਜ਼ੋਰ ਹੋਣੀ ਜਾਂ ਅੱਖ ਵਿੱਚ ਦਰਦ
- ਜੀਅ ਕੱਚਾ ਹੋਣਾ (ਉਲਟੀ ਆਉਣ ਦਾ ਅਹਿਸਾਸ ਹੋਣਾ)
- ਪੇਟ ਖ਼ਰਾਬ ਹੋਣਾ ਜਾਂ ਦਸਤ ਲੱਗਣੇ
- ਚਮੜੀ ਜਾਂ ਅੱਖਾਂ ਦੇ ਸਫੇਦ ਹਿੱਸੇ ਦਾ ਪੀਲਾਪਨ
- ਪੱਠਿਆਂ ਜਾਂ ਜੋੜਾਂ ਵਿੱਚ ਦਰਦ
- ਚਮੜੀ ਉੱਪਰ ਰਗੜਾਂ ਲੱਗਣੀਆਂ
- ਧੱਫੜ

**ਉੱਪਰ ਲਿਖਿਆਂ ਲੱਛਣਾਂ ਤੋਂ ਇਲਾਵਾ ਜੇ ਕੋਈ ਹੋਰ ਅਸਾਧਾਰਣ ਲੱਛਣ ਮਹਿਸੂਸ ਹੋਵੇ ਤਾਂ ਆਪਣੇ ਡਾਕਟਰ ਨੂੰ ਦੱਸੋ।**

ਇਸ ਦਵਾਈ ਕਾਰਣ ਤੁਹਾਡੇ ਹੰਝੂ, ਤੁਹਾਡੇ ਥੁੱਕ, ਪਸੀਨੇ, ਪਿਸ਼ਾਬ ਅਤੇ ਤੁਹਾਡੀ ਟੱਟੀ ਦਾ **ਰੰਗ ਭੂਰਾ-ਸੰਤਰੀ** ਹੋ ਸਕਦਾ ਹੈ। ਇਸ ਦਾ ਕੋਈ ਨੁਕਸਾਨ ਨਹੀਂ ਹੁੰਦਾ ਪਰ ਇਸ ਕਾਰਣ ਨਰਮ ਕੌਨਟੈਕਟ ਲੈਨਜ਼ਿਜ਼ ਉੱਪਰ ਪੱਕੇ ਧੱਬੇ ਪੈ ਸਕਦੇ ਹਨ।

ਰਿਫ਼ਾਬਿਊਟਿਨ ਗਰਭ ਨਿਰੋਧਕ ਗੋਲ਼ੀਆਂ ਦੀ ਅਸਰਦਾਇਕਤਾ ਘਟਾ ਸਕਦੀ ਹੈ। ਇਹ ਦਵਾਈ ਲੈਂਦੇ ਹੋਏ ਗਰਭ ਨਿਰੋਧ ਦੇ ਹੋਰ ਵਿਕਲਪ (ਰੁਕਾਵਟ ਵਾਲੇ ਜਿਵੇਂ ਕਿ ਕੌਂਡੋਮ, ਡਾਇਫ਼ਰਾਮ) ਦਾ ਇਸਤੇਮਾਲ ਕਰੋ।
ਰਿਫ਼ਾਬਿਊਟਿਨ ਬੰਦ ਕਰਨ ਤੋਂ ਬਾਅਦ ਵੀ ਰੁਕਾਵਟ ਵਾਲੇ ਤਰੀਕੇ 28 ਦਿਨਾਂ ਤੱਕ ਵਰਦੇ ਰਹੋ।
ਮੂੰਹ ਰਾਹੀਂ ਲੈਣ ਵਾਲੇ ਹਾਰਮੋਨ ਨਿਰੋਧਕ ਖਾਲੀ ਦਿਨਾਂ ਦੀ ਥਾਂ ਘਟਾ ਕੇ 4 ਦਿਨ ਕਰ ਦਿਓ।

ਇਹ ਮਹੱਤਵਪੂਰਣ ਹੈ ਕਿ ਤੁਸੀਂ ਡਾਕਟਰ ਵੱਲੋਂ ਕਹੇ ਗਏ ਸਾਰੇ ਲੈਬ ਟੈਸਟ ਕਰਵਾਓ ਅਤੇ ਡਾਕਟਰ ਜਾਂ ਨਰਸ ਨਾਲ ਆਪਣੀਆਂ ਸਾਰੀਆਂ ਅਪੁਆਇੰਟਮੈਂਟਾਂ ਲਈ ਜਾਓ।

ਜੇਕਰ ਤੁਸੀਂ **ਗਰਭਵਤੀ** ਹੋ, ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਆਪਣੇ ਬੱਚੇ ਨੂੰ **ਆਪਣਾ ਦੁੱਧ ਚੁੰਘਾਉਣ** ਦੀ ਇੱਛਾ ਰੱਖਦੇ ਹੋ ਤਾਂ ਇਸ ਬਾਰੇ ਆਪਣੇ ਡਾਕਟਰ ਨੂੰ ਦੱਸੋ।

**ਮੈਨੂੰ ਇਹ ਦਵਾਈ ਕਿੱਥੇ ਰੱਖਣੀ ਚਾਹੀਦੀ ਹੈ? (Where should I store this medication?)**
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ
- ਰੋਸ਼ਨੀ ਤੋਂ ਬਚਾਓ
- ਕੈਪਸੂਲ: ਠੰਡੇ, ਖ਼ੁਸ਼ਕ ਵਾਤਾਵਰਨ ਵਿੱਚ ਕਮਰੇ ਦੇ ਤਾਪਮਾਨ (15 ਤੋਂ 30 ਡਿਗਰੀ ਸੈਲਸੀਅਸ) 'ਤੇ ਕਸ ਕੇ ਬੰਦ ਕੀਤੇ ਜਾਣ ਵਾਲੇ ਡੱਬੇ ਵਿੱਚ ਰੱਖੋ।

**ਜੇ ਮੇਰੇ ਕੋਈ ਹੋਰ ਸਵਾਲ ਹੋਣ ਤਾਂ ਮੈਂ ਕਿੱਥੇ ਫ਼ੋਨ ਕਰਾਂ? (Where do I call if I have any other questions?)**

ਆਪਣੇ ਡਾਕਟਰ ਨੂੰ, ਕਲੀਨਿਕ ਵਿਖੇ ਜਾਂ ਪਬਲਿਕ ਹੈਲਥ ਯੂਨਿਟ ਵਿਖੇ: ______________________________
ਵੈਨਕੂਵਰ ਟੀ.ਬੀ. ਸਰਵਿਸਿਜ਼ ਕਲੀਨਿਕ: 604-707-2692
ਨਿਊ ਵੈਸਟਮਿਨਸਟਰ ਟੀ.ਬੀ. ਸਰਵਿਸਿਜ਼ ਕਲੀਨਿਕ: 604-707-2698
ਬੀ.ਸੀ.ਸੀ.ਡੀ.ਸੀ. ਵੈਕਸੀਨ ਅਤੇ ਫ਼ਾਰਮੇਸੀ ਸੇਵਾਵਾਂ: 604-707-2580